بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 08.01.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਵਿਰੋਧੀ ਕਹਿੰਦੇ ਹਨ ਕਿ ਅਸੀਂ ਜਮਾਤ ਦਾ ਨਾਂ ਦੁਨੀਆਂ ਵਿੱਚੋਂ ਮਿਟਾ ਦਿਆਂਗੇ, ਕੌਣ ਹੈ ਜੋ ਰੱਬ ਨਾਲ ਅਜਿਹਾ ਪ੍ਰੇਮ ਕਰਨ ਵਾਲਿਆਂ ਅਤੇ ਵਫ਼ਾਦਾਰੀ ਕਰਨ ਵਾਲਿਆਂ ਨੂੰ ਮਿਟਾ ਸਕੇ, ਅਲੱਾਹ ਤਆਲਾ ਅਜਿਹਾ ਪ੍ਰੇਮ ਕਰਨ ਵਾਲਿਆਂ ਨੂੰ ਆਪਣੇ ਨਾਲ ਜੋੜਦਾ ਹੈ ਅਤੇ ਦੁਸ਼ਮਣਾ ਦੀ ਧੂੜ ਦਾ ਵੀ ਪਤਾ ਨਹੀਂ ਲਗਦਾ**

---

**ਵਕਫ਼ੇ ਜਦੀਦ ਦੇ ਨਵੇਂ ਸਾਲ ਦੇ ਬਰਕਤਾਂ ਭਰਪੂਰ ਅਰੰਭ ਦਾ ਐਲਾਨ ਅਤੇ ਦੁਨੀਆ ਭਰ ਦੀਆਂ ਜਮਾਤਾਂ ਵਿੱਚੋਂ ਅਹਮਦੀਆਂ ਦੀਆਂ ਆਰਥਕ ਕੁਰਬਾਨੀਆਂ ਦੇ ਆਸਥਾ ਭਰਪੂਰ ਤੇ ਇਮਾਨ ਨੂੰ ਵਧਾਉਣ ਵਾਲੀਆਂ ਗਲੱਾਂ ਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਜਨਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔

اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਬਕਰਹ ਦੀਆਂ ਹੇਠ ਲਿੱਖੀਆਂ ਆਇਤਾਂ ਦੀ ਤਲਾਵਤ ਕੀਤੀ :-

مَنۡ ذَا الَّذِیۡ یُقۡرِضُ اللّٰہَ قَرۡضًا حَسَنًا فَیُضٰعِفَہٗ لَہٗۤ اَضۡعَافًا کَثِیۡرَۃً ؕ وَاللّٰہُ یَقۡبِضُ وَیَبۡصُۜطُ ۪ وَاِلَیۡہِ تُرۡجَعُوۡنَ ○

ਕੌਣ ਹੈ ਜੋ ਰੱਬ ਨੂੰ ਕਰਜ਼ਾ ਦੇਵੇ ਤਾਂ ਉਹ ਉਸ ਲਈ ਕਈ ਗੁਣਾ ਵਧਾਵੇ ਅਤੇ ਅਲੱਾਹ ਰਿਜ਼ਕ ਖੋਹ ਵੀ ਲੈਂਦਾ ਹੈ ਅਤੇ ਖੋਲ ਵੀ ਦਿੰਦਾ ਹੈ ਅਤੇ ਤੁਸੀਂ ਉਸੇ ਵੱਲ ਪਰਤਾਏ ਗਾਓਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਆਇਤ ਵਿੱਚ ਰੱਬ ਨੂੰ ਕਰਜ਼ਾ ਦੇਣ ਦੀ ਗੱਲ ਕੀਤੀ ਗਈ ਹੈ । ਕੋਸ਼ ਅਨੁਸਾਰ ਕਰਜ਼ ਦੇ ਅਰਥ ਚੰਗੇ ਜਾਂ ਬੁਰੇ ਬਦਲੇ (ਪ੍ਰਤੀਫਲ) ਦੇ ਹਨ । ਇੱਥੇ ਇਸ ਦੇ ਇਹ ਅਰਥ ਹੋਣਗੇ ਕਿ ਕੌਣ ਹੈ ਜੋ ਰੱਬ ਦੇ ਮਾਰਗ ਵਿੱਚ ਖਰਚ ਕਰੇ ਤਾਂ ਜੋ ਰੱਬ ਇਸ ਦਾ ਇਸਨੂੰ ਚੰਗਾ ਬਦਲਾ ਪਰਤਾਏ । ਸੋ, ਜੇਕਰ ਰੱਬ ਖ਼ਾਤਰ ਖ਼ਰਚ ਕਰ ਰਹੇ ਹਨ, ਭਾਵ ਰੱਬ ਨੂੰ ਦੇ ਰਹੇ ਹਨ ਤਾਂ ਰੱਬ ਇਸ ਦਾ ਚੰਗਾ ਬਦਲਾ ਪ੍ਰਦਾਨ ਕਰਦਾ ਹੈ । ਕੁਰਆਨ ਕਰੀਮ ਵਿੱਚ ਅਨੇਕਾਂ ਥਾਈਂ ਆਰਥਕ ਕੁਰਬਾਨੀ ਦਾ ਜ਼ਿਕਰ ਰੱਬ ਨੇ ਕੀਤਾ ਹੈ ਅਤੇ ਰੱਬ ਦੇ ਦੀਨ ਖ਼ਾਤਰ ਜਾਂ ਰੱਬ ਦੀ ਮਖ਼ਲੂਕ ਦੀ ਭਲਾਈ ਖ਼ਾਤਰ ਖ਼ਰਚ ਕਰਨ ਨੂੰ ਰੱਬ ਨੇ ਆਪ ਰੱਬ ਖ਼ਾਤਰ ਖ਼ਰਚ ਕਰਨ ਦੇ ਬਰਾਬਰ ਠਹਿਰਾਇਆ ਹੈ ਅਤੇ ਜੋ ਚੀਜ਼ ਰੱਬ ਖ਼ਾਤਰ

ਖ਼ਰਚ ਕੀਤੀ ਜਾਏ ਉਹ ਨਸ਼ਟ ਨਹੀਂ ਹੁੰਦੀ ਸਗੋਂ ਇਹ ਇਕ ਅਜਿਹਾ ਕਰਜ਼ ਹੈ ਜਿਸਨੂੰ ਰੱਬ ਕਈ ਗੁਣਾ ਵਧਾਕੇ ਪਰਤਾਉਂਦਾ ਹੈ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਅਲੱਾਹ ਤਆਲਾ ਜੋ ਕਰਜ਼ ਮੰਗਦਾ ਹੈ ਇਸ ਤੋਂ ਇਹ ਭਾਵ ਨਹੀਂ ਹੁੰਦਾ ਕਿ ਸੰਭਵਤਾ ਰੱਬ ਨੂੰ ਇਸ ਦੀ ਲੋੜ ਹੈ ਅਤੇ ਉਹ ਮੁਥਾਜ ਹੈ, ਅਜਿਹਾ ਭਰਮ ਕਰਨਾ ਵੀ ਕੁਫ਼ਰ ਹੈ ਸਗੋਂ ਇਸ ਦਾ ਅਰਥ ਇਹ ਹੈ ਕਿ ਪ੍ਰਤੀਫ਼ਲ ਦੇ ਰੂਪ ਵਿੱਚ ਪਰਤਾਵਾਂਗਾ ਅਰਥਾਤ ਵਧਾਕੇ ਵਾਪਸ ਕਰਾਂਗਾ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇੱਥੇ ਕਰਜ਼ ਤੋਂ ਭਾਵ ਇਹ ਹੈ ਕਿ ਕੌਣ ਹੈ ਜੋ ਰੱਬ ਨੂੰ ਚੰਗੇ ਕਰਮ ਪਰਤਾਏ । ਰੱਬ ਇਹਨਾ ਦਾ ਪ੍ਰਤੀਫਲ ਉਸ ਨੂੰ ਕਈ ਗੁਣਾ ਵਧਾਕੇ ਦਿੰਦਾ ਹੈ । ਕੋਈ ਵੀ ਕਰਮ ਭਲਾ ਹੋਵੇ ਰੱਬ ਖ਼ਾਤਰ ਕੀਤਾ ਜਾਏ ਤਾਂ ਰੱਬ ਉਸਨੂੰ ਵਧਾਕੇ ਪਰਤਾਉਂਦਾ ਹੈ । ਉਸ ਦੀ ਸ਼ਾਨ (ਵੱਡਿਆਈ) ਤਾਂ ਇਹ ਹੈ ਕਿ فَمَنْ يَّعْمَلْ مِثْقَالَ ذَرَّةٍ خَيْرًا يَّرَهٗ (ਫ਼ਮੰਯ ਯਾਮਲ ਮਿਸਕਾਲਾ ਜ਼ਰੱਾਤਿਨ ਖ਼ੈਰੰਯ ਯਰਹ) ਜੋ ਰੱਤੀ ਭਰ ਵੀ ਨੇਕੀ ਕਰੇ ਉਸ ਦਾ ਵੀ ਪ੍ਰਤੀਫਲ ਦਿੰਦਾ ਹੈ । ਅਤੇ ਜੋ ਰੱਤੀ ਭਰ ਵੀ ਬਦੀ ਕਰੇ ਉਸਦੀ ਤਾੜਨਾ ਵੀ ਮਿਲੇਗੀ । ਪਰ ਸ਼ਰਤ ਇਹ ਹੈ ਕਿ ਭਲਾਈ ਨੇਕ ਨੀਤੀ ਨਾਲ ਰੱਬ ਦੀ ਰਜ਼ਾ ਖ਼ਾਤਰ ਕੁਰਬਾਨੀ ਕੀਤੀ ਜਾਏ ਅਤੇ ਉਸ ਬਾਰੇ ਹੋਰਨਾ ਨਿਰਦੇਸ਼ਾਂ ਤੇ ਨਕੀਆਂ ਨੂੰ ਵੀ ਬਜਾ ਲਿਆਂਦਾ ਜਾਏ । ਇਹ ਨਹੀਂ ਕਿ ਕੇਵਲ ਧੰਨ ਦੇ ਦਿਤੱਾ ਅਤੇ ਸਮਝ ਲਿਆ ਕਿ ਮੈਂ ਬਹੁਤ ਵੱਡੀ ਕੁਰਬਾਨੀ ਕੀਤੀ ਹੈ ਅਤੇ ਸਾਰੇ ਫ਼ਰਜ਼ ਪੂਰੇ ਕਰ ਦਿੱਤੇ ਹਨ ਬਾਕੀ ਦੀਆਂ ਨੇਕੀਆਂ ਵੀ ਪੂਰੀਆਂ ਕਰਨੀਆਂ ਜ਼ਰੂਰੀ ਹਨ ਨ ਕਿ ਇਕ ਵਪਾਰੀ ਵਾਂਗ ਕੇਵਲ ਇਕ ਸੋਚ ਨਾਲ ਧੰਨ ਖਰਚ ਕਰੇ ਕਿ ਲਾਭ ਲੈਂਣਾ ਹੈ । ਰੱਬ ਦੇ ਮਾਰਗ ਵਿੱਚ ਦੇ ਦਿਓ ਲਾਭ ਮਿਲ ਜਾਏਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਇਸ ਸਮੇਂ ਕੁਝ ਅਹਮਦੀਆਂ ਦੀਆਂ ਘਟਨਾਵਾਂ ਪੇਸ਼ ਕਰਦਾ ਹਾਂ ਜਿੰਨ੍ਹਾ ਨੇ ਰੱਬ ਦੇ ਇਸ ਫ਼ਰਮਾਨ ਦਾ ਲਾਭ ਚੁੱਕਿਆ । ਅਨੇਕਾਂ ਹੀ ਅਜਿਹੀਆਂ ਘਟਨਾਵਾਂ ਹਨ ਜਿੰਨ੍ਹਾ ਵਿੱਚ ਖ਼ਾਲਸ ਹੋਕੇ ਉਹਨਾ ਨੇ ਰੱਬ ਖ਼ਾਤਰ ਕੁਰਬਾਨੀ ਦਿੱਤੀ ਅਤੇ ਹੈਰਾਨੀ ਭਰਪੂਰ ਢੰਗ ਨਾਲ ਰੱਬ ਨੇ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਸਗੋਂ ਵਧਾ ਦਿੱਤਾ ।

ਗਿੰਨੀ ਕਨਾਕਰੀ ਦੇ ਸਦਰ ਅਤੇ ਮੁਬਲੱਗ਼ ਇੰਚਾਰਜ ਬਿਆਨ ਕਰਦੇ ਹਨ ਕਿ ਉਹਨਾ ਨੇ ਮੇਰਾ ਵਕਫ਼ੇ ਜਦੀਦ ਦਾ ਬੀਤੇ ਸਾਲ ਦਾ ਖ਼ੁਤਬਾ ਮਸਜਿਦ ਵਿੱਚ ਪੜ੍ਹਕੇ ਸੁਣਾਇਆ ਜਿਸ ਵਿੱਚ ਮੈਂ ਆਰਥਕ ਕੁਰਬਾਨੀ ਦੀ ਮਹਤੱਾ ਨੂੰ ਵਰਨਣ ਕੀਤਾ ਹੈ । ਨਮਾਜ਼ ਜੁਮਏ ਦੇ ਬਾਦ ਇਕ ਗ਼ਰੀਬ ਤੇ ਨੇਕ ਅਹਮਦੀ ਮੂਸਾ ਕਬਾ ਸਾਹਬ ਨੇ ਆਪਣੀ ਜੇਬ ਵਿੱਚ ਜਿੰਨ੍ਹੇ ਵੀ ਪੈਸੇ ਸਨ ਅਤਿਅੰਤ ਨੇਕੀ ਨਾਲ ਵਕਫ਼ੇ ਜਦੀਦ ਦੀ ਮੱਦ ਵਿੱਚ ਦੇ ਦਿੱਤੇ ਜੱਦ ਕਿ ਉਹ ਇਸ ਤੋਂ ਪਹਿਲਾਂ ਆਪਣਾ ਚੰਦਾ ਦੇ ਚੁਕੇ ਸਨ । ਜੱਦ ਉਹਨਾ ਨੂੰ ਕਿਹਾ ਗਿਆ ਕਿ ਕੁਝ ਰਕਮ ਇਸ ਵਿੱਚੋਂ ਵਾਪਸ ਰੱਖ ਲਓ ਆਪ ਨੇ ਘਰ ਵੀ ਜਾਣਾ ਹੈ, ਸਾਰੇ ਹੀ ਆਪ ਨੇ ਜੇਬ ਵਿੱਚੋਂ ਕਢੱਕੇ ਦੇ ਦਿੱਤੇ ਹਨ ਕਿਰਾਇਆ ਵੀ ਨਹੀਂ ਰਿਹਾ ਆਪਦੇ ਕੋਲ ਤਾਂ ਕਹਿਣ ਲੱਗੇ ਕਿ ਆਪ ਨੇ ਸੁਣਿਆ ਨਹੀਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਇਕ ਦਿਲ ਵਿੱਚ ਦੋ ਪ੍ਰੇਮ ਇਕੱਠੇ ਨਹੀਂ ਹੋ ਸਕਦੇ। ਇਸ ਲਈ ਅੱਜ ਮੈਨੂੰ ਰੱਬ ਦੇ ਪ੍ਰੇਮ ਦੇ ਸਹਾਰੇ ਜੀਉਣ ਦਿਓ ਅਤੇ ਖ਼ੁਸ਼ੀ ਖ਼ੁਸ਼ੀ ਪੈਦਲ ਆਪਣੇ ਘਰ ਚਲੇ ਗਏ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਹਨ ਨਜ਼ਾਰੇ ਜਿੰਨ੍ਹਾ ਨੂੰ ਦੇਖਕੇ ਦਿਲ ਰੱਬ ਦੀ ਪ੍ਰਸ਼ੰਸਾ ਨਾਲ ਭਰ ਜਾਂਦਾ ਹੈ । ਕਿੰਨ੍ਹੀ ਨੇਕ ਜਮਾਤ ਹੈ ਜੋ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪ੍ਰਦਾਨ ਕੀਤੀ ਹੈ । ਲੋਕ ਖ਼ੁਤਬੇ ਸੁਣਦੇ ਹਨ ਅਤੇ ਸੁਣਕੇ ਕਹਿ ਦਿੰਦ ਹਨ, ਹਾਂ ਜੀ, ਅਸੀਂ ਸੁਣ ਲਿਆ ਪਰ ਇਸ ਦੀ ਡੂੰਘਿਆਈ ਵਿੱਚ ਨਹੀਂ ਜਾਂਦੇ ਅਤੇ ਗ਼ੌਰ ਨਾਲ ਨਹੀ ਸੁਣਦੇ । ਹਜ਼ੂਰ ਅਨਵਰ ਨੇ : ਇਹ ਹੈ ਉਧਾਰਣ ਕਿ ਡੂੰਘਿਆਈ ਨਾਲ ਕਿਸੇ ਗੱਲ ਨੂੰ ਸੁਣਨਾ ਅਤੇ ਇਸ’ਤੇ ਅਮਲ ਕਰਨਾ । ਕਿੰਨ੍ਹੀ ਅਦਭੁੱਤ ਕੁਰਬਰਾਨੀ ਦੇ ਦ੍ਰਿਸ਼ ਹਨ । ਇਹ ਵੀ ਬੈਅਤ ਦੀਆਂ ਸ਼ਰਤਾਂ ਅਨੁਸਾਰ ਹੈ ਕਿ ਹਰ ਹਾਲਤ ਵਿੱਚ ਰੱਬ ਨਾਲ ਵਫ਼ਾਦਾਰੀ ਦਾ ਪ੍ਰਣ ਪੂਰਾ ਕਰੋ, ਕੋਈ ਸ਼ਿਕਵਾ ਸ਼ਿਕਾਇਤ ਨਹੀਂ ਕਰਨਾ । ਸਾਡੇ ਵਿਰੋਧੀ ਕਹਿੰਦੇ ਹਨ ਕਿ ਅਸੀਂ ਜਮਾਤ ਦਾ ਨਾਂ ਦੁਨੀਆ’ਚੋਂ ਮਿਟਾ ਦਿਆਂਗੇ । ਕੌਣ ਹੈ ਜੋ ਰੱਬ ਨਾਲ ਅਜਿਹਾ ਪ੍ਰੇਮ ਕਰਨ ਵਾਲਿਆਂ ਅਤੇ ਵਫ਼ਾਦਾਰੀ ਕਰਨ ਵਾਲਿਆਂ

ਨੂੰ ਮਿਟਾ ਸਕੇ । ਰੱਬ ਆਪਣੇ ਨਾਲ ਅਜਿਹਾ ਪ੍ਰੇਮ ਕਰਨ ਵਾਲਿਆਂ ਨੂੰ ਜੋੜਦਾ ਹੈ ਅਤੇ ਦੁਸ਼ਮਣਾ ਦੀ ਧੂੜ ਦਾ ਵੀ ਪਤਾ ਨਹੀਂ ਲਗੱਦਾ ।

ਇੰਡੀਆਂ'ਚੋਂ ਕਮਰੁੱਦੀਨ ਸਾਹਬ ਲਿਖੱਦੇ ਹਨ ਕਿ ਮਾਲੀ (ਆਰਥਕ) ਸਾਲ ਖ਼ਤਮ ਹੋਣ ਦੇ ਸਮੇਂ ਨਾਜ਼ਿਮ ਸਾਹਬ ਵਕਫ਼ੇ ਜਦੀਦ ਦੇ ਨਾਲ ਦੌਰੇ'ਤੇ ਜਮਾਤ ਅਹਮਦੀਆ ਕਾਲੀਕਤ ਪਹੁੰਚਿਆ । ਇਸ ਦੌਰਾਨ ਇਕ ਅਹਮਦੀ ਹਨੀਫ਼ ਅਹਮਦ ਸਾਹਬ ਦੇ ਘਰ ਵੀ ਗਏ ਜੋ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਕਰਦੇ ਹਨ । ਉਹਨਾ ਦਾ ਦੱਸ ਸਾਲ ਦਾ ਬੇਟਾ ਆਪਣੀ ਗੋਲਕ ਲੈਕੇ ਆਇਆ ਅਤੇ ਚੰਦਾ ਵਕਫ਼ੇ ਜਦੀਦ ਵਿੱਚ ਜਮਾ ਕਰਦਿਆਂ ਹੋਇਆਂ ਦੱਸਿਆ ਇਹ ਚੰਦਾ ਉਸ ਨੇ ਵਕਫ਼ੇ ਜਦੀਦ ਲਈ ਸਾਲ ਭਰ ਇਕਠੱਾ ਕੀਤਾ ਹੈ । ਜੱਦ ਇਸ ਨੂੰ ਖੋਲਿਆ ਗਿਆ ਤਾਂ ਇਸ ਵਿੱਚ ਵੱਡੀ ਰਕਮ ਸੀ । ਨਾਜ਼ਿਮ ਸਾਹਬ ਨੇ ਇਸ ਬੱਚੇ ਨੂੰ ਪੁੱਛਿਆ ਕਿ ਸਾਧਾਰਣਤਾ ਬੱਚੇ ਪੈਸੇ ਜਮਾ ਕਰਦੇ ਹਨ ਆਪਣੀ ਪਸੰਦ ਦੀ ਚੀਜ਼ ਲੈਂਣ ਲਈ, ਇਹ ਤੁਸੀਂ ਚੰਦਾ ਵਕਫ਼ੇ ਜਦੀਦ ਵਿੱਚ ਕਿਉਂ ਦੇ ਰਹੇ ਹੋ । ਇਸ ਬੱਚੇ ਨੇ ਉੱਤਰ ਦਿੱਤਾ ਜਿਸਦਾ ਭਾਵ ਇਹ ਸੀ ਕਿ ਅਲੱਾਹ ਤਆਲਾ ਅਤੇ ਰਸੂਲੁ ਸਲਲੱਾਹੁ ਅਲੈਹਿ ਵਸਲਮ ਦੇ ਖ਼ਲੀਫ਼ਾ ਸਾਹਿਬਾਨ ਤਾਂ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਦਾ ਹੁਕਮ ਦਿੰਦੇ ਹਨ ਇਸੇ ਲਈ ਇਹ ਰਕਮ ਚੰਦਾ ਵਕਫ਼ੇ ਜਦੀਦ ਵਿੱਚ ਦੇ ਰਿਹਾ ਹਾਂ । ਇਹ ਹੈ ਅਹਮਦੀ ਬੱਚਿਆਂ ਦੀ ਤਰਬੀਯਤ (ਸੀਖ) ਜਿਸ ਜਮਾਤ ਦੇ ਬੱਚਿਆਂ ਦੀ ਇਹ ਸੋਚ ਹੋਵੇ ਅਤੇ ਇਸ ਪ੍ਰਕਾਰ ਤਰਬੀਯਤ ਹੋਵੇ ਉਸ ਨੂੰ ਇਹ ਅਹਮਦੀਅਤ ਵਿਰੋਧੀ ਕਿਵੇਂ ਹਾਣੀ ਪਹੁੰਚਾ ਸਕਦੇ ਹਨ ।

ਅਲਬਾਨੀਆ ਨੇ ਮੁਬਲੱਗ਼ ਲਿਖੱਦੇ ਹਨ ਕਿ ਇਕ ਮਿਤੱਰ ਮਾਈਕਲਸ ਬਿਯਾ ਸਾਹਬ ਨੇ ਤਿੰਨ ਸਾਲ ਪਹਿਲਾਂ ਬੈਅਤ ਕੀਤੀ ਸੀ । ਇਕ ਦਿਨ ਇਹ ਆਪਣੇ ਨਾਲ ਇਕ ਡਿਬੱਾ ਨਾਲ ਲੈਕੇ ਆਏ, ਇਹਨਾ ਦੇ ਦੱਸਿਆ ਕਿ ਉਹਨਾ ਨੇ ਇਕ ਮਹੀਨਿ ਤੋਂ ਇਹ ਡਿਬੱਾ ਆਪਣੀ ਗੱਡੀ ਵਿੱਚ ਇਸ ਨੀਯਤੱ ਨਾਲ ਰੱਖਿਆ ਹੋਇਆ ਸੀ ਕਿ ਜਿੰਨ੍ਹੀ ਬਚਤ ਹੁੰਦੀ ਜਾਏ ਗੀ ਉਹ ਇਸ ਵਿੱਚ ਜਮਾਤ ਦੇ ਚੰਦਿਆਂ ਲਈ ਪਾਉਂਦੇ ਜਾਣਗੇ । ਸੋ, ਜੱਦ ਉਹ ਪਹਿਲੀ ਵਾਰ ਭਰਿਆਂ ਹੋਇਆ ਡਿਬੱਾ ਲੈਕੇ ਆਏ ਤਾਂ ਇਕ ਹਿਸੱਾ ਆਪਣੇ ਚਾਰ ਮਹੀਨਿ ਦੇ ਬੇਟੇ ਵੱਲੋਂ ਤਹਿਰੀਕੇ ਜਦੀਦ ਅਤੇ ਵਕਫ਼ੇ ਜਦੀਦ ਵਿੱਚ ਦਿਤੱਾ ਅਤੇ ਬਾਕੀ ਰਕਮ ਆਪਣੇ ਵੱਲੋਂ ਤਹਿਰੀਕੇ ਜਦੀਦ ਅਤੇ ਵਕਫ਼ੇ ਜਦੀਦ ਵਿੱਚ ਅਤੇ ਲਾਜ਼ਮੀ ਚੰਦਿਆਂ ਵਿੱਚ ਦੇ ਦਿੱਤੀ । ਇਸ ਦੇ ਬਾਦ ਹਰ ਮਹੀਨਿ ਪੈਸਿਆਂ ਦਾ ਡਿਬੱਾ ਭਰਕੇ ਲਿਆਉਂਦੇ ਹਨ । ਆਪਣੀ ਸਮਰਥਾ ਅਨੁਸਾਰ ਵਾਹਵਾ ਵੱਡੀ ਰਕਮ ਆਰਥਕ ਕੁਰਬਾਨੀ ਦੇ ਰੂਪ ਵਿੱਚ ਦਿੰਦੇ ਹਨ ।

ਯੂ.ਕੇ. ਤੋਂ ਚੀਨ ਦੇ ਸਦਰ ਜਮਾਤ ਕਹਿੰਦੇ ਹਨ ਕਿ ਸਾਡੇ ਟਾਰਗਟ ਵਿੱਚ ਬਹੁਤ ਕਮੀ ਸੀ । ਮੈਂ ਇਸ ਹਵਾਲੇ ਨਾਲ ਤਹਜੁੱਦ ਵਿੱਚ ਉਠੱਕੇ ਦੁਆ ਕਰਦਾ ਸੀ । ਇਕ ਦਿਨ ਮੇਰੀ ਪਤਨੀ ਨੇ ਦੱਸਿਆ ਕਿ ਫ਼ਲਾਣਾ ਵਿਅਕਤੀ ਜੋ ਹੈ ਉਹਨਾ ਨੂੰ ਜੇਕਰ ਕਹੋਗੇ ਤਾਂ ਵਧੇਰੀ ਅਦਾਇਗੀ ਹੋ ਜਾਏਗੀ । ਸੋ, ਉਹਨਾ ਨਾਲ ਰਾਬਤਾ ਕੀਤਾ ਗਿਆ ਤਾਂ ਉਸ ਫ਼ੈਮਲੀ ਨੇ ਕਿਹਾ ਕਿ ਸਾਡਾ ਨਾਂ ਪ੍ਰਕਟ ਨ ਕਰਨਾ ਅਤੇ ਇਕ ਹਜ਼ਾਰ ਪਾਉਂਡ ਦੀ ਅਦਾਇਗੀ ਕਰ ਦਿੱਤੀ । ਇਸ ਤੋਂ ਬਿਨਾ ਇਕ ਹਜ਼ਾਰ ਪਾਉਂਡ ਆਪਣੇ ਬੱਚਿਆਂ ਵੱਲੋਂ ਵੀ ਦੇ ਦਿੱਤੇ । ਫਿਰ ਕਿਹਾ ਕਿ ਇਸ ਤੋਂ ਬਿਨਾ ਵੀ ਜੇਕਰ ਆਪ ਲੋਕਾਂ ਨੂੰ ਲੋੜ ਹੋਵੇ ਤਾਂ ਦਸੱਣਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼੍ਰਾਂਸ, ਕਜ਼ਾਕਿਸਤਾਨ, ਮਾਸਕੋ, ਸੀਰਾਲੀਯੁਨ, ਕਰਗਿਸਤਾਨ, ਤਨਜ਼ਾਨੀਆ, ਮਲਾਵੀ, ਜਰਮਨੀ, ਕੈਨੇਡਾ, ਬੁਰਕੀਨਾ ਫ਼ਾਸੋ ਆਦਿ ਦੇਸ਼ਾਂ ਦੀਆਂ ਆਰਥਕ ਕੁਰਬਾਨੀਆਂ ਦੇ ਮਨ ਮੋਹ  ਲੈਂਣ ਵਾਲੀਆਂ ਅਤੇ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਘਟਨਾਵਾਂ ਵਰਨਣ ਕੀਤੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਵਕਫ਼ੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਦਿਆਂ ਹੋਇਆਂ ਬੀਤੇ ਸਾਲ ਦੇ ਕੁਝ ਬਿਬਰਣ ਪੇਸ਼ ਕਰਾਂਗਾ । ਰੱਬ ਦੀ ਅਪਾਰ ਮਿਹਰ ਨਾਲ 63 ਵਾਂ ਸਾਲ 31 ਦਸੰਬਰ 2020 ਈ, ਨੂੰ ਖ਼ਤਮ ਹੋਇਆ ਅਤੇ 64 ਵਾਂ ਸਾਲ ਪਹਿਲੀ ਜਨਵਰੀ ਤੋਂ ਸ਼ੁਰੂ ਹੋ ਗਿਆ ਹੈ । ਰੱਬ ਦੀ ਮਿਹਰ ਨਾਲ ਇਸ ਸਾਲ ਇਕ ਕਰੋੜ ਪੰਜ ਲੱਖ ਤੀਹ ਹਜ਼ਾਰ ਪਾਉਂਡ ਦੀ ਕੁਰਬਾਨੀ ਪੇਸ਼ ਕਰਨ ਦੀ ਜਮਾਤ ਨੂੰ ਤੋਫ਼ੀਕ ਮਿਲੀ ਹੈ ਇਹ ਵੁਸੂਲੀ ਬੀਤੇ ਸਾਲ ਤੋਂ ਅੱਠ ਲੱਖ ਸਤਾਸੀ ਹਜ਼ਾਰ ਪਾਉਂਡ ਅਧਿਕ ਹੈ । ਅਲਹਮਦੁਲਿਲੱਾਹਿ । ਇਸ ਸਾਲ ਵਿੱਚ ਬਰਤਾਨੀਆ ਦੁਨੀਆ ਦੀਆਂ ਜਮਾਤਾਂ

ਵਿੱਚ ਸਾਮੂਹਿਕ ਰੂਪ ਵਿੱਚ ਵੁਸੂਲੀ ਦੇ ਪੱਖੋਂ ਪਹਿਲੇ ਨੰਬਰ’ਤੇ ਹੈ । ਫਿਰ ਲੜੀਵਾਰ ਜਰਮਨੀ, ਪਾਕਿਸਤਾਨ, ਕੈਨੇਡਾ, ਅਮਰੀਕਾ, ਭਾਰਤ, ਆਸਟ੍ਰੇਲੀਆ ਫਿਰ ਮਿਡਲ ਈਸਟ ਦੀ ਇਕ ਜਮਾਤ ਹੈ ਫਿਰ ਇੰਡੋਨੇਸ਼ੀਆ ਅਤੇ ਘਾਨਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਭਾਰਤ ਦੀਆਂ ਜਮਾਤਾਂ ਵਿੱਚ ਸਾਮੂਹਿਕ ਰੂਪ ਵਿੱਚ ਵੁਸੂਲੀ ਦੇ ਪੱਖੋਂ ਪ੍ਰਾਂਤਾ ਦੀ ਪੁਜ਼ੀਸ਼ਨ ਇਸ ਪ੍ਰਕਾਰ ਹੈ : ਕੈਰਾਲਾ, ਤਾਮਿਲਨਾਡੂ, ਜੰਮੂ ਕਸ਼ਮੀਰ, ਤਿਲੰਗਾਨਾ, ਕਰਨਾਟਕ, ਉੜੀਸਾ, ਪੰਜਾਬ, ਵੈਸਟ ਬੰਗਾਲ, ਦਿੱਲੀ, ਉੱਤਰ ਪ੍ਰਦੇਸ਼ । ਜਮਾਤਾਂ ਵਿੱਚ ਕੋਇੰਮਬਟੂਰ, ਕਾਦੀਆਂ, ਪਿਥਾ ਪ੍ਰਮ, ਹੈਦਰਾਬਾਦ, ਕੋਲਕਾਤਾ, ਬੰਗਲੌਰ, ਕਾਲੀਕਟ, ਕੁਨੂੱਰ ਟਾਊਂਨ, ਰਿਸ਼ੀਨਗਰ, ਕੇਰੰਗ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਸਾਰਿਆਂ ਕੁਰਬਾਨੀ ਕਰਨ ਵਾਲਿਆਂ ਦੇ ਧੰਨ ਵਿੱਚ ਤੇ ਗਿਣਤੀ ਵਿੱਚ ਅਥਾਹ ਬਰਕਤਾਂ ਪਾਏ । ਇਹਨਾ ਨੂੰ ਰੂਹਾਨੀ ਪੱਖੋਂ ਤਰੱਕੀ ਪ੍ਰਦਾਨ ਕਰੇ ਅਤੇ ਹਕੂਕੁਲੱਾਹ ਤੇ ਹਕੂਕੁਲ ਇਬਾਦ (ਰੱਬ ਅਤੇ ਉਸ ਦੀ ਮਖ਼ਲੂਕ ਦੇ ਹਕੱਾਂ) ਨੂੰ ਪੂਰਿਆਂ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਇਹਨਾ ਦਿਨਾਂ ਵਿੱਚ ਪਾਕਿਸਤਾਨ ਦੇ ਅਹਮਦੀਆਂ ਲਈ ਵੀ ਵਿਸ਼ੇਸ਼ ਰੂਪ ਵਿੱਚ ਦੁਆਵਾਂ ਕਰੋ । ਅਲੱਾਹ ਤਆਲਾ ਇਹਨਾ ਦੀਆਂ ਔਕੁੜਾਂ ਤੇ ਪਰੇਸ਼ਨੀਆਂ ਨੂੰ ਦੂਰ ਕਰੇ । ਵਿਰੋਧੀਆਂ ਦੇ ਹਥੱਾਂ ਨੂੰ ਇਹਨਾ ਤੱਕ ਪਹੁੰਚਣ ਤੋਂ ਪਹਿਲਾਂ ਰੋਕੇ ਅਤੇ ਜਿਹੜੇ ਵਿਰੋਧੀਆਂ ਦਾ ਸੁਧਾਰ ਅਸੰਭਵ ਹੈ ਰੱਬ ਉਹਨਾ ਦੀ ਪਕੜ ਦੇ ਛੇਤੀ ਸਾਧਨ ਕਰੇ । ਅਸੀਰਾਨ (ਕੈਦੀਆਂ) ਦੀ ਰਿਹਾਈ ਦੇ ਵੀ ਛੇਤੀ ਸਾਧਨ ਕਰੇ, ਜਿਸ ਵਿੱਚ ਅਲਜਜ਼ਾਇਰ ਦੇ ਕੈਦੀ ਵੀ ਸ਼ਾਮਲ ਹਨ । ਵਿਸ਼ੇਸ਼ ਰੂਪ ਵਿੱਚ ਦੁਆਵਾਂ, ਨਫ਼ਲਾਂ ਤੇ ਸਦਕਿਆਂ (ਦਾਨ) ਉਪੱਰ ਜ਼ੋਰ ਦੇਣ । ਪਾਕਿਸਤਾਨ ਲਈ ਵੀ ਦੁਆ ਕਰੋ । ਰੱਬ ਅਮਨ ਦੇ ਹਾਲਾਤ ਉੱਥੇ ਪੈਦਾ ਕਰੇ ਅਤੇ ਇਕ ਦੂਜੇ ਦੀਆਂ ਗਰਦਨਾ ਕਟੱਣ’ਤੇ ਜੋ ਲੱਗੇ ਹੋਏ ਹਨ ਅਤੇ ਦਹਿਸ਼ਤ ਗਰਦੀ, ਫ਼ਿਤਨੇ ਫ਼ਸਾਦ ਜੋ ਹੈ ਰੱਬ ਇਸ ਨੂੰ ਛੇਤੀ ਖ਼ਤਮ ਕਰਨ ਦੇ ਸਾਧਨ ਪੈਦਾ ਕਰੇ । ਇਸੇ ਪ੍ਰਕਾਰ ਦੁਨੀਆ ਦੇ ਸਧਾਰਣ ਹਾਲਾਤਾਂ ਬਾਰੇ ਵੀ ਦੁਆ ਕਰੋ ਜੋ ਬਹੁਤ ਤੇਜ਼ੀ ਨਾਲ ਵਿਗੜ ਰਹੇ ਹਨ । ਅਲੱਾਹ ਤਆਲਾ ਪੂਰੀ ਮਨੁਖੱਤਾ ਉਪੱਰ ਰਹਿਮ ਕਰੇ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 08.01.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131